AMERICAN
IMMIGRATION
LAWYERS
ASSOCIATION



# ਆਪਣੇ ਅਧਿਕਾਰਾਂ ਨੂੰ ਜਾਣੋ: ਜੇ ਆਈ ਸੀ ਈ ਤੁਹਾਡੇ ਕੰਮ ਦੇ ਸਥਾਨ ਤੇ ਆਉਂਦਾ ਹੈ (ਮੁਲਾਜ਼ਮ)

ਯੂਨਾਇਟੇਡ ਸਟੇਟਸ ਵਿਚ ਰਹਿਣ ਵਾਲੇ ਸਾਰੇ ਲੋਕਾਂ ਕੋਲ ਕੁਝ ਯੂ ਐਸ ਸੰਵਿਧਾਨਿਕ ਅਧਿਕਾਰ ਮੌਜੂਦ ਹੁੰਦੇ ਹਨ ਜਿਸ ਵਿਚ ਉਹ ਪ੍ਰਵਾਸੀ ਵੀ ਸਮਿਲਿਤ ਹਨ ਜੋ ਦਸਤਾਵੇਜਾਂ ਵਿਚ ਸ਼ਾਮਲ ਨਹੀਂ ਹਨ। ਜੇ ਇਮੀਗ੍ਰੇਸ਼ਨ ਅਫਸਰ (ਆਈ ਸੀ ਈ) ਤੁਹਾਡੇ ਕੰਮ ਕਰਨ ਦੇ ਸਥਾਨ ਤੇ ਆਉਂਦੇ ਹਨ, ਉਹਨਾਂ ਕੋਲ ਗੈਰ ਜਨਤਕ ਖੇਤਰਾਂ ਵਿਚ ਸ਼ਾਮਲ ਹੋਣ ਦੇ ਲਈ ਇੱਕ ਵੈਧ ਖੋਜ ਵਾਰੰਟ ਮੌਜੂਦ ਹੋਣਾ ਜਾਂ ਤੁਹਾਡੇ ਰੋਜ਼ਗਾਰਦਾਤਾ ਦੀ ਰਜ਼ਾਮੰਦੀ ਹੋਣਾ ਜ਼ਰੂਰੀ ਹੈ। ਜੇ ਤੁਸੀਂ ਦਸਤਾਵੇਜਾਂ ਵਿਚ ਸ਼ਾਮਲ ਨਹੀਂ ਹੋ ਅਤੇ ਇਮੀਗ੍ਰੇਸ਼ਨ ਅਫਸਰ ਤੁਹਾਡੇ ਕੰਮ ਕਰਨ ਦੇ ਸਥਾਨ ਤੇ ਆਉਂਦੇ ਹਨ, ਨਿਮਨਲਿਖਿਤ ਚੀਜ਼ਾਂ ਤੋਂ ਸਾਵਧਾਨ ਰਹੋ:

- ਨਾ ਘਬਰਾਓ ਅਤੇ ਨਾ ਹੀ ਭੱਜੋ। ਜੇ ਤੁਸੀਂ ਡਰ ਰਹੇ ਹੋ ਅਤੇ ਤੁਹਾਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਤੁਹਾਨੂੰ ਜਾਣਾ ਚਾਹੀਦਾ ਹੈ, ਤੁਸੀਂ ਸ਼ਾਂਤੀ ਨਾਲ ਬਾਹਰ ਜਾ ਸਕਦੇ ਹੋ।
  - o ਜੇ ਤੁਹਾਨੂੰ ਰੋਕਿਆ ਜਾਂਦਾ ਹੈ, ਤੁਸੀਂ ਇਹ ਪੁੱਛ ਸਕਦੇ ਹੋ ਕਿ ਤੁਸੀਂ ਬਾਹਰ ਜਾ ਸਕਦੇ ਹੋ ਜਾਂ ਨਹੀਂ। ਜੇ ਅਫਸਰ ਨਾ ਕਹਿੰਦਾ ਹੈ, ਇਮਾਰਤ ਵਿਚੋਂ ਬਾਹਰ ਜਾਣ ਦੀ ਕੋਸ਼ਿਸ਼ ਨਾ ਕਰੋ।
  - o ਜੇ ਤੁਹਾਨੂੰ ਸਵਾਲ ਪੁੱਛੇ ਜਾਂਦੇ ਹਨ, ਜੇ ਤੁਸੀਂ ਚੁੱਪ ਰਹਿਣਾ ਚਾਹੁੰਦੇ ਹੋ ਤੇ ਤੁਸੀਂ ਉਹਨਾਂ ਨੂੰ ਦੱਸ ਸਕਦੇ ਹੋ।
- ਤੁਹਾਡੇ ਕੋਲ ਚੁੱਪ ਰਹਿਣ ਦਾ ਅਧਿਕਾਰ ਹੈ। ਤੁਹਾਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਨਾਲ ਗੱਲ ਕਰਨ ਦੀ ਜਾਂ ਉਹਨਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ।
  - o ਜੇ ਤੁਹਾਨੂੰ ਪੁੱਛਿਆ ਜਾਂਦਾ ਹੈ ਕਿ ਤੁਹਾਡਾ ਜਨਮ ਕਦੋਂ ਹੋਇਆ ਸੀ, ਜਾਂ ਤੁਸੀਂ ਯੂਨਾਇਟੇਡ ਸਟੇਟਸ ਵਿਚ ਪ੍ਰਵੇਸ਼ ਕਿਵੇਂ ਕੀਤਾ ਸੀ, ਤੁਸੀਂ ਜਵਾਬ ਦੇਣ ਤੋਂ ਮਨ੍ਹਾ ਕਰ ਸਕਦੇ ਹੋ ਜਾਂ ਚੁੱਪ ਰਹਿ ਸਕਦੇ ਹੋ।
  - o ਜੇ ਤੁਸੀਂ ਚੁੱਪ ਰਹਿਣ ਚਾਹੁੰਦੇ ਹੋ, ਅਜਿਹਾ ਬੋਲ ਕੇ ਦੱਸ ਦਵੋ।
  - o ਜੇ ਉਹ ਤੁਹਾਨੂੰ ਇਮੀਗ੍ਰੇਸ਼ਨ ਸਟੇਟਸ ਦੇ ਅਨੁਸਾਰ ਗਰੁੱਪ ਵਿਚ ਖੜ੍ਹਾ ਹੋਣ ਦੇ ਲਈ ਕਹਿੰਦੇ ਹਨ, ਤੁਹਾਣੀ ਹਿੱਲਣ ਦੀ ਲੋੜ ਨਹੀਂ ਹੈ, ਜਾਂ ਤੁਸੀਂ ਅਜਿਹੇ ਇੱਕ ਖੇਤਰ ਵਿਚ ਜਾ ਸਕਦੇ ਹੋ ਜੋ ਕਿਸੇ ਖਾਸ ਗਰੁੱਪ ਦੇ ਲਈ ਮਨੋਨੀਤ ਨਹੀਂ ਹੈ।
  - o ਤੁਸੀਂ ਇੱਕ ਅਫਸਰ ਨੂੰ ਇੱਕ ਆਪਣੇ ਅਧਿਕਾਰਾਂ ਨੂੰ ਜਾਨਣ ਵਾਲਾ ਕਾਰਡ ਦਿਖਾ ਸਕਦੇ ਹੋ ਜੋ ਇਹ ਵੇਰਵਾ ਪ੍ਰਦਾਨ ਕਰਦਾ ਹੈ ਕਿ ਤੁਸੀਂ ਚੁੱਪ ਰਹੋਗੇ ਅਤੇ ਇੱਕ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ।
  - o ਤੁਸੀਂ ਪਹਿਚਾਨ ਪੱਤਰ ਵਿਖਾਉਣ ਤੋਂ ਮਨ੍ਹਾ ਕਰ ਸਕਦੇ ਹੋ ਜੋ ਇਹ ਦੱਸਦੇ ਹਨ ਕਿ ਤੁਸੀਂ ਕਿਹੜੇ ਦੇਸ਼ ਦੇ ਹੋ।
  - o ਕੋਈ ਵੀ ਝੂਠੇ ਦਸਤਾਵੇਜ ਨਾ ਦਿਖਾਈ ਅਤੇ ਝੂਠ ਨਾ ਬੋਲੋ।
- ਤੁਹਾਡੇ ਕੋਲ ਇੱਕ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ। ਜੇ ਤੁਹਾਨੂੰ ਨਜਰਬੰਦ ਕੀਤਾ ਗਿਆ ਹੈ ਜਾਂ ਹਿਰਾਸਤ ਵਿਚ ਲਿਆ ਗਿਆ ਹੈ, ਤੁਹਾਡੇ ਕੋਲ ਤੁਰੰਤ ਇੱਕ ਵਕੀਲ ਨਾਲ ਸੰਪਰਕ ਕਰਨ ਦਾ ਅਧਿਕਾਰ ਮੌਜੂਦ ਹੈ।
  - o ਜੇ ਤੁਹਾਡੇ ਕੋਲ ਇੱਕ ਵਕੀਲ ਨਹੀਂ ਹੈ, ਤੁਸੀਂ ਇਮੀਗ੍ਰੇਸ਼ਨ ਅਫਸਰਾਂ ਨੂੰ ਦੱਸ ਸਕਦੇ ਹੋ ਕਿ ਤੁਸੀਂ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ।
  - o ਜੇ ਤੁਹਾਡੇ ਕੋਲ ਉੱਲ ਵਕੀਲ ਮੌਜੂਦ ਹੈ, ਤੁਹਾਡੇ ਕੋਲ ਉਸਦੇ ਨਾਲ ਗੱਲ ਕਰਨ ਦਾ ਅਧਿਕਾਰ ਹੈ। ਜੇ ਤੁਸੀਂ ਫਾਰਮ ਜੀ - 28 ਤੇ ਹਸਤਾਖਰ ਕੀਤੇ ਹਨ, ਜੋ ਇਹ ਦੱਸਦਾ ਹੈ ਕਿ ਤੁਹਾਡੇ ਕੋਲ ਇੱਕ ਵਕੀਲ ਹੈ, ਉਸਨੂੰ ਇੱਕ ਅਫਸਰ ਨੂੰ ਦੇ ਦਵੋ।
  - o ਜੇ ਤੁਹਾਡੇ ਕੋਲ ਇੱਕ ਵਕੀਲ ਨਹੀਂ ਹੈ, ਪਰੋ ਬੋਨੋ ਵਕੀਲਾਂ ਦੀ ਇੱਕ ਸੂਚੀ ਦੇ ਲਈ ਇੱਕ ਇਮੀਗ੍ਰੇਸ਼ਨ ਅਫਸਰ ਨੂੰ ਪੁਛੋ।
  - o ਤੁਹਾਡੇ ਕੋਲ ਆਪਣੇ ਕੌਨਸੋਲੇਟ ਦੇ ਨਾਲ ਸੰਪਰਕ ਕਰਨ ਦਾ ਅਧਿਕਾਰ ਹੈ। ਤੁਹਾਡਾ ਕੌਨਸੋਲੇਟ ਵਕੀਲ ਦਾ ਪਤਾ ਲਗਾਉਣ ਵਿਚ ਤੁਹਾਡਾ ਸਹਿਯੋਗ ਕਰ ਸਕਦਾ ਹੈ।
  - o ਤੁਸੀਂ ਕੋਈ/ਸਾਰੇ ਕਾਗਜ਼ਾਂ ਤੇ ਹਸਤਾਖ਼ਰ ਕਰਨ ਤੋਂ ਮਨ੍ਹਾ ਕਰ ਸਕਦੇ ਹੋ ਜਦੋਂ ਤੱਕ ਤੁਹਾਨੂੰ ਇੱਕ ਵਕੀਲ ਦੇ ਨਾਲ ਗੱਲ ਕਰਨ ਦਾ ਮੌਕਾ ਪ੍ਰਾਪਤ ਨਹੀਂ ਹੋਇਆ ਹੈ।
  - o ਜੇ ਤੁਸੀਂ ਬਿਨਾ ਇੱਕ ਵਕੀਲ ਨਾਲ ਗੱਲ ਕੀਤਿਆਂ ਕਿਸੇ ਚੀਜ਼ ਤੇ ਹਸਤਾਖ਼ਰ ਕਰਨ ਬਾਰੇ ਸੋਚਦੇ ਹੋ, ਇਹ ਸੁਨਿਸਚਿਤ ਕਰੋ ਕਿ ਦਸਤਾਵੇਜ ਤੇ ਹਸਤਾਖ਼ਰ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਜਾਣਕਾਰੀ ਹੈ ਕਿ ਦਸਤਾਵੇਜ ਕੀ ਕਹਿਣਾ ਚਾਹੁੰਦਾ ਹੈ ਅਤੇ ਉਸਦਾ ਮਤਲਬ ਕੀ ਹੈ।

ਜੇਕਰ ਤੁਸੀਂ ਆਪਣੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ ਜਾਂ ਇਹ ਇਹ ਜਾਨਣਾ ਚਾਹੁੰਦੇ ਹੋ ਕਿ ਤੁਸੀਂ ਇਮੀਗ੍ਰੇਸ਼ਨ ਦੇ ਲਾਭ ਜਾਂ ਸੁਖ ਲੈਣ ਯੋਗ ਹੋ ਸਕਦੇ ਹੋ, ਇਕ ਸਾਖੀ ਇਮੀਗ੍ਰੇਸ਼ਨ ਵਕੀਲ ਨਾਲ ਗਲ ਕਰੋ। ਆਪਣੇ ਇਲਾਕੇ ਵਿੱਚ ਵਕੀਲ ਨਾਲ ਜੁਣਨ ਲਈ www.ailalawyer.org ਤੇ ਜਾਉ।

ਇਸ ਦਸਤਾਵੇਜ ਦੀ ਸਮੱਗਰੀ ਵਿਚ ਵੈਧ ਸਲਾਹ ਸ਼ਾਮਲ ਨਹੀਂ ਹੈ।

**Translation provided by Foundation for International Services, Inc. (FIS), www.fis-web.com.**
**Contact Information: info@fis-web.com**

**©2017 American Immigration Lawyers Association**

**#AILAStandsWithImmigrants**